ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,
ਤਕਨੀਕੀ ਸਿਖਿਆ ਭਵਨ, ਸੈਕਟਰ 36-ਏ ਚੰਡੀਗੜ੍ਹ।
(ਟ੍ਰੇਨਿੰਗ ਸਾਖਾ)

ਸੇਵਾ ਵਿਖੇ,

ਡਾਇਰੈਕਟਰ,
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ।

ਮੀਮੋਂ ਨੰ: ਆਈਟੀ/ਟ੍ਰੇ/ਦਾਖਲਾ/2011/CS&ETTC/781
ਮਿਤੀ, ਚੰਡੀਗੜ੍ਹ, 25-1-12

ਵਿਸ਼ਾਂ:- **ਸੈਸਨ 2011 ਲਈ ਕਟਾਈ, ਸਿਲਾਈ ਅਤੇ ਕਢਾਈ ਟੀਚਰ ਟ੍ਰੇਨਿੰਗ ਟਰੇਡ ਅਤੇ ਸੈਸ਼ਨ ਫਰਵਰੀ 2012 ਕਰਾਫਟਸਮੈਨ ਸਕੀਮ/ ਛੇ ਮਹੀਨੇ ਦੇ ਕੋਰਸਾਂ ਦੇ ਦਾਖਲੇ ਸਬੰਧੀ।**

ਉਪਰੋਕਤ ਵਿਸ਼ੇ ਤੇ ।

ਆਪ ਨੂੰ ਪੰਜਾਬ ਰਾਜ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਕਟਾਈ ਸਿਲਾਈ ਤੇ ਕਢਾਈ ਅਤੇ ਛੇ ਮਹੀਨੇ ਦੇ ਕੋਰਸਾਂ ਦੇ ਦਾਖਲੇ ਲਈ ਵਿਗਿਆਪਨ ਦੇ ਖਰੜੇ ਦੀਆਂ 05 ਕਾਪੀਆਂ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਾਖਲੇ ਸਬੰਧੀ ਸੈਸ਼ਨ 2011-12 ਦਾ ਵਿਗਿਆਪਨ ਪੰਜਾਬ ਦੇ ਉਘੇ ਅਖਬਾਰਾਂ ਜਿਵੇਂ ਕਿ ਅਜੀਤ ਅਤੇ ਦੈਨਿਕ ਭਾਸਕਰ ਵਿੱਚ ਮਿਤੀ 26-01-12 ਨੂੰ ਪ੍ਰਕਾਸਿਤ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ । ਵਿਗਿਆਪਨ ਦੇ ਬਿੱਲਾਂ ਦੀ ਅਦਾਇਗੀ ਸਬੰਧੀ ਵਿਭਾਗ ਦੇ ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਨਾਲ ਸੰਪਰਕ ਕੀਤਾ ਜਾਵੇ ।

ਨੱਥੀ: ਉਕਤ ਅਨੁਸਾਰ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ:ਆਈਟੀ/ਟ੍ਰੇ/ਦਾਖਲਾ/ CS&ETTC/782 ਮਿਤੀ, ਚੰਡੀਗੜ੍ਹ 25-1-12

ਉਪਰੋਕਤ ਦਾ ਉਤਾਰਾ ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਮੁੱਖ ਦਫ਼ਤਰ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।
website: www.dtepunjab.gov.in, e-mail: dit_trg@yahoo.in
Fax: 2614622, Phone: 5022301, 5022367, 5022364, 5022357

## ਦਾਖਲਾ ਨੋਟਿਸ ਸੈਸ਼ਨ 2011-12

ਪੰਜਾਬ ਰਾਜ ਦੀਆਂ ਸਰਕਾਰੀ ਅਤੇ ਗੈਰ ਸਰਕਾਰੀ ਐਫੀਲੇਟਿਡ ਸੰਸਥਾਵਾਂ ਵਿੱਚ ਸੈਸਨ 2011 ਲਈ ਕਟਾਈ, ਸਿਲਾਈ ਅਤੇ ਕਢਾਈ ਟੀਚਰ ਟ੍ਰੇਨਿੰਗ ਟਰੇਡ ਅਤੇ ਸੈਸ਼ਨ ਫਰਵਰੀ 2012 ਕਰਾਫਟਸਮੈਨ ਸਕੀਮ/ ਛੇ ਮਹੀਨੇ ਦੇ ਕੋਰਸਾਂ ਲਈ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ। ਇਹ ਦਾਖਲਾ ਸਬੰਧਤ ਸੰਸਥਾਵਾਂ ਵਿਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਪਹਿਲਾਂ ਤੋਂ ਹੀ ਗਠਿਤ, ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

| ਪਹਿਲੀ ਕੌਂਸਲਿੰਗ | | |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 08-02-12 | ਬੁੱਧਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 10-02-12 | ਸ਼ੁੱਕਰਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 13-02-12 | ਸੋਮਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 14-02-12 | ਮੰਗਲਵਾਰ |
| ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ: | 15-02-12 | ਬੁੱਧਵਾਰ |
| ਕਲਾਸਾਂ ਲਗਾਉਣ ਦੀ ਮਿਤੀ | 16-02-12 | ਵੀਰਵਾਰ |
| ਦੂਜੀ ਕੌਂਸਲਿੰਗ | | |
| ਅਰਜੀਆਂ ਲੈਣ ਦੀ ਆਖਰੀ ਮਿਤੀ: | 24-02-12 | ਸ਼ੁੱਕਰਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 27-02-12 | ਸੋਮਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 28-02-12 | ਮੰਗਲਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ: | 29-02-12 | ਬੁੱਧਵਾਰ |
| ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ: | 01-03-12 | ਵੀਰਵਾਰ |
| ਕਲਾਸਾਂ ਲਗਾਉਣ ਦੀ ਮਿਤੀ | 02-03-12 | ਸ਼ੁੱਕਰਵਾਰ |

ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿਚ ਦਾਖਲੇ ਲਈ ਪ੍ਰਿੰਟਿਡ ਪ੍ਰਾਸਪੈਕਟਸ ਨਿਰਧਾਰਤ ਕੀਮਤ 75/-ਰੁਪਏ (ਕੇਵਲ ਪਝੱਤਰ ਰੁਪਏ) ਤੇ ਸਬੰਧਤ ਸਰਕਾਰੀ ਸੰਸਥਾ ਵਿੱਚੋ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਦਾਖਲੇ ਸਬੰਧੀ ਸਾਰੀਆਂ ਸ਼ਰਤਾਂ ਦਿੱਤੀਆਂ ਹੋਈਆਂ ਹਨ। ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਸਰਕਾਰੀ ਪ੍ਰਾਸਪੈਕਟ ਤੇ ਹੀ ਬਿਨੈ-ਪੱਤਰ ਪ੍ਰਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਪ੍ਰਾਸਪੈਕਟਸ ਅਤੇ ਦਾਖਲਾ ਫਾਰਮ ਵਿਭਾਗ ਦੀ ਵੈਬਸਾਇਟ http:/www.dtepunjab.gov.in ਤੇ ਉਪਲਬੱਧ ਹੈ। ਦਾਖਲੇ ਲਈ ਚਾਹਵਾਨ ਬਿਨੈਕਾਰ ਪ੍ਰਾਸਪੈਕਟ ਅਤੇ ਦਾਖਲਾ ਫਾਰਮ ਵੈਬਸਾਇਟ ਤੋਂ down load ਕਰਕੇ

ਅਪਲਾਈ ਕਰ ਸਕਦੇ ਹਨ। ਜੋ ਬਿਨੈਕਾਰ ਵੈਬਸਾਇਟ ਤੋਂ ਦਾਖਲਾ ਫਾਰਮ down load ਕਰਕੇ ਅਪਲਾਈ ਕਰਨਗੇ, ਉਹ ਕੇਵਲ !25/- ਰੁਪਏ ਦਾ ਬੈਂਕ ਡਰਾਫਟ ਲਗਾ ਕੇ ਸਬੰਧਤ ਸੰਸਥਾ ਵਿਚ ਅਪਲਾਈ ਕਰਨਗੇ।

## ਜ਼ਰੂਰੀ ਨੋਟ

1. ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ-ਪੱਤਰ ਨਹੀਂ ਭੇਜਿਆ ਜਾਵੇਗਾ।

2. ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

3. ਸਾਰੇ ਉਮੀਦਵਾਰ ਲਈ ਹਾਜਰੀ ਦਾ ਸਮਾਂ ਇੰਟਰਵਿਊ ਵਾਲੇ ਦਿਨ ਸੇਵਰੇ 9.00 ਵੱਜੇ ਤੋਂ 11.00 ਵਜੇ ਤੱਕ ਹੋਵੇਗਾ। ਜਿਹੜਾ ਉਮੀਦਵਾਰ ਨਿਰਧਾਰਤ ਸਮੇਂ ਅੰਦਰ ਹਾਜਰ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

4. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੀ ਕੈਟਾਗਰੀ ਦਾ ਸਬੂਤ ਨਾਲ ਨੱਥੀ ਨਹੀਂ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿੱਚ ਕੋਈ ਅਦਲਾ-ਬਦਲੀ ਨਹੀਂ ਹੋਵੇਗੀ ।

5. ਦਾਖਲਾ ਫਾਰਮ ਦੇਣ ਉਪਰੰਤ ਉਮੀਦਵਾਰ ਉਸ ਦੀ ਰਸੀਦ ਪ੍ਰਾਪਤ ਕਰ ਲਵੇ।

6. ਜੇਕਰ ਕਿਸੇ ਉਮੀਦਵਾਰ ਦਾ ਨਾਮ ਤਿਆਰ ਕੀਤੀ ਮੈਰਿਟ ਸੂਚੀ ਵਿੱਚ ਨਹੀਂ ਆਉਂਦਾ ਤਾਂ ਉਹ ਇੰਟਰਵਿਊ ਮਿਤੀ ਤੋਂ ਪਹਿਲਾਂ ਸੰਸਥਾ ਦੇ ਮੁੱਖੀ ਨਾਲ ਸਿੱਧੇ ਤੌਰ ਤੇ ਸਪੰਰਕ ਕਰ ਸਕਦਾ ਹੈ, ਜਿਸ ਸੰਸਥਾ ਵਿੱਚ ਉਸਨੇ ਦਾਖਲੇ ਲਈ ਫਾਰਮ ਭੇਜਿਆ/ਦਿੱਤਾ ਹੈ।

7. ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਸਰਕਾਰੀ ਪ੍ਰਾਸਪੈਕਟਸ ਵਿਚ ਉਪਲਬਧ ਹਨ।

8. ਇੰਟਰਵਿਊ ਦਾ ਸਥਾਨ ਸਰਕਾਰੀ ਪ੍ਰਾਸਪੈਕਟਸ ਵਿੱਚ ਦਰਸਾਈ ਸਰਕਾਰੀ ਸੰਸਥਾ ਵਿੱਚ ਹੋਵੇਗਾ।

9. ਗੈਰ-ਸਰਕਾਰੀ ਕੇਂਦਰਾਂ ਨੂੰ ਜਿੰਨੀਆਂ ਟਰੇਡਾਂ/ ਯੂਨਿਟਾਂ ਲਈ ਐਸ.ਸੀ.ਵੀ.ਟੀ./ ਐਨ.ਸੀ.ਵੀ.ਟੀ. ਵਲੋਂ ਐਫੀਲੇਸ਼ਨ ਪ੍ਰਾਪਤ ਹੈ, ਉਹਨਾਂ ਹੀ ਟਰੇਡਾਂ/ ਯੂਨਿਟਾਂ ਵਿਚ ਦਾਖਲਾ ਕੀਤਾ ਜਾਵੇ, ਇਸ ਤੋਂ ਵੱਧ ਦਾਖਲਾ ਨਾ ਕੀਤਾ ਜਾਵੇ।

10. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:2/12/2005-2TE (1)980 ਮਿਤੀ 23-06-05 ਅਨੁਸਾਰ ਦੂਜੇ ਰਾਜਾਂ ਦੇ ਵਸਨੀਕ ਉਮੀਦਵਾਰਾਂ ਲਈ 15% ਸੀਟਾਂ ਨਿਰੋਲ ਮੈਰਿਟ ਤੇ, ਜਨਰਲ ਕੈਟਾਗਰੀ ਵਿਚੋਂ ਉਪਲਬਧ ਹੋਣਗੀਆਂ। ਕਿਸੇ ਵੀ ਹਾਲਤ ਵਿੱਚ ਇਹ ਸੀਟਾਂ, ਨਿਰਧਾਰਤ ਸੀਟਾਂ ਤੋਂ ਵੱਧ ਨਹੀਂ ਭਰੀਆਂ ਜਾਣਗੀਆਂ।

11. ਉਮੀਦਵਾਰ ਸਬੰਧਤ ਸੰਸਥਾ ਵਿੱਚ ਦਾਖਲੇ ਲਈ ਉਪਲਬਧ ਸੀਟਾਂ ਸਬੰਧੀ ਜਾਣਕਾਰੀ ਸਬੰਧਤ ਸੰਸਥਾ ਦੇ ਮੁੱਖੀ ਤੋਂ ਲੈ ਸਕਦੇ ਹਨ। ਵਿਭਾਗ ਕਿਸੇ ਵੀ ਸਮੇਂ, ਕਿਸੇ ਵੀ ਸੰਸਥਾ ਵਿਖੇ, ਕਿਸੇ ਵੀ ਟਰੇਡ ਦਾ ਦਾਖਲਾ ਰੋਕ ਸਕਦਾ ਹੈ।

12. ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਮੈਰਿਟ ਲਿਸਟ

ਕੈਟਾਗਿਰੀ ਵਾਇਜ਼ ਬਣਾਈਆਂ ਜਾਣਗੀਆਂ।

13. ਜਿਹੜਾ ਉਮੀਦਵਾਰ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਹੈ, ਉਹ ਜਨਰਲ ਕੈਟਾਗਰੀ ਦੀ ਇੰਟਰਵਿਊ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ। ਜੇਕਰ ਉਸ ਦਿਨ ਜਨਰਲ ਕੈਟਾਗਰੀ ਅਧੀਨ ਦਾਖਲਾ ਨਹੀਂ ਮਿਲਾ ਤਾਂ ਉਹ ਰਿਜਰਵ ਕੈਟਾਗਰੀ ਦੇ ਉਮੀਦਵਾਰ ਇੰਟਰਵਿਊ ਦੇ ਸਕਦਾ ਹੈ।ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ। ਜਿਸ ਵਿੱਚ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।

14. ਉਮੀਦਵਾਰਾਂ ਵਲੋ ਇੰਟਰਵਿਊ ਨਿਸ਼ਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

15. ਦਾਖਲੇ ਵਿੱਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ।

16. ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।

17. ਜੇਕਰ ਕੌਂਸਲਿੰਗ ਸੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸ ਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਉਸਦਾ ਉਸ ਟਰੇਡ ਦੀ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।

18. ਉਮੀਦਵਾਰਾਂ ਵਲੋਂ ਪਹਿਲੀ ਕੌਂਸਲਿੰਗ ਦੌਰਾਨ ਪ੍ਰਾਪਤ ਹੋਈਆਂ ਅਰਜੀਆਂ, ਜਿੰਨਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ (ਇਸ ਸਬੰਧੀ ਸਬੰਧਤ ਉਮੀਦਵਾਰ ਨੂੰ ਸਬੰਧਤ ਸੰਸਥਾ ਦੇ ਮੁੱਖੀ ਨੂੰ ਸਾਦੀ ਅਰਜੀ ਦੇਣੀ ਹੋਵੇਗੀ), ਨੂੰ ਦੂਜੀ ਕੌਂਸਲਿੰਗ ਵਿਚ ਵਿਚਾਰਿਆ ਜਾਵੇਗਾ।

19. ਚੁਣੇ ਗਏ ਉਮੀਦਵਾਰਾਂ ਵਲੋਂ ਉਸੇ ਦਿਨ ਸਕਿਓਰਟੀ, ਫੀਸ, ਜ਼ਰੂਰੀ ਫੰਡਜ਼ ਪ੍ਰਾਸਪੈਕਟ ਵਿੱਚ ਦਰਸਾਏ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ ।

20. ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।

21. ਜਿਨ੍ਹਾਂ ਕੇਂਦਰਾਂ ਦੇ ਡੀ.ਜੀ.ਈ. ਅਤੇ ਟੀ. ਭਾਰਤ ਸਰਕਾਰ ਨਾਲ ਯੂ.ਸੀ. (Under Consideration) ਕੇਸ ਹਨ ਜਾਂ ਡੀ.ਜੀ.ਈ. ਟੀ ਵਲੋਂ ਕਿਸੇ ਟਰੇਡ/ ਯੂਨਿਟ ਨੂੰ ਰੱਦ ਕੀਤਾ ਗਿਆ ਹੈ, ਉਹ ਵੀ ਦਾਖਲਾ ਨਹੀਂ ਕਰ ਸਕਣਗੇ।

22. ਵਿਭਾਗ/ ਰਾਜ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

23. ਗੈਰ-ਸਰਕਾਰੀ ਕੇਂਦਰ, ਵਿਭਾਗ ਨੂੰ ਸਵੈ-ਘੋਸ਼ਨਾ ਪੱਤਰ ਦੇ ਕੇ, ਦਾਖਲਾ ਸਲਿੱਪ ਪ੍ਰਾਪਤ ਕਰਨ ਉਪਰੰਤ ਹੀ ਦਾਖਲਾ ਕਰਨਗੇ। ਅਬਜਰਵਰਾਂ ਵਲੋਂ ਇਸ ਦੇ ਸਬੂਤ ਦੇਖਣ/ ਪ੍ਰਾਪਤ ਕਰਨ ਉਪਰੰਤ ਹੀ ਦਾਖਲਾ ਕੀਤਾ ਜਾਵੇ।

24. ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਮੈਰਿਟ/ਚੋਣ ਸੂਚੀਆਂ ਮੁਕੰਮਲ ਤੌਰ ਤੇ ਮਿਤੀ 06-03-12 ਤੱਕ ਮੁੱਖ ਦਫਤਰ ਟ੍ਰੇਨਿੰਗ ਸ਼ਾਖਾ ਨੂੰ ਭੇਜਣਗੇ। ਇੰਨਾਂ ਲਿਸ਼ਟਾਂ ਤੇ ਮੁਕੰਮਲ ਦਾਖਲਾ ਚੋਣ ਕਮੇਟੀ ਦੇ ਹਸਤਾਖਰ ਹੋਣੇ ਜਰੂਰੀ ਹਨ। ਬਿਨਾਂ ਹਸਤਾਖਰ ਅਤੇ ਮੋਹਰਾਂ ਲੱਗੀਆਂ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ ਅਤੇ ਕੇਸ ਰਜਿਸ਼ਟਰੇਸ਼ਨ ਲਈ ਬੋਰਡ ਨੂੰ ਨਹੀਂ ਭੇਜੇ ਜਾਣਗੇ। ਦੇਰੀ ਹੋਣ ਦੀ ਸੂਰਤ ਵਿਚ, ਬੋਰਡ ਵਲੋਂ ਕਿਸੇ ਕਿਸਮ ਦੇ ਜੁਰਮਾਨਾ ਆਦਿ ਲਗਣ ਤੇ ਸਬੰਧਤ ਕੇਂਦਰ ਦੀ ਜਿੰਮੇਵਾਰੀ ਹੋਵੇਗੀ। ਇਸ ਦੀ ਕੌਂਸਲਿੰਗ ਵਾਇਜ਼ ਸੂਚਨਾ ਟ੍ਰੇਨਿੰਗ ਦੀ ਈ-ਮੇਲ ਆਈਡੀ dit_trg@yahoo.in ਤੇ ਮੇਲ ਵੀ ਕੀਤੀ ਜਾਵੇ।

ਮਿਤੀ, ਚੰਡੀਗੜ੍ਹ

ਉਸ਼ਾ ਆਰ ਸ਼ਰਮਾ ਆਈ.ਏ.ਐਸ.
ਕਮਿਸ਼ਨਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ ਪੰਜਾਬ।